**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
ਪ.ਸ.ਸ.ਬ ਕੰਪਲੈਕਸ, ਪੰਜਵੀਂ ਮੰਜ਼ਿਲ, ਈ-ਬਲਾਕ, ਫੇਜ਼ - 8, ਜ਼ਿਲ੍ਹਾ - ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ
ਫੋਨ ਨੰ: - 0172-5212313, 370 ਫੈਕਸ ਨੰ: - 0172-5212359

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ./ਐ.ਸਿ.)
ਸਮੂਹ ਸਕੂਲ-ਮੁਖੀ (ਵੈਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ.: ਸਸਅ/2016/ਵਧੀਕ ਐਸ.ਪੀ.ਡੀ./ 1607
ਮਿਤੀ : 1.2.16

**ਵਿਸ਼ਾ:** **'ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ' ਦੀ ਆਮ ਲੋਕਾਂ ਨੂੰ ਉਪਲਬਧ '104 ਮੈਡੀਕਲ ਹੈਲਪ ਲਾਈਨ' ਟੋਲ-ਫ਼ਰੀ ਸੁਵਿਧਾ ਸਕੂਲੀ ਬੱਚਿਆਂ ਨੂੰ ਉਪਲਬਧ ਕਰਵਾਉਣ ਬਾਰੇ।**

1.0 ਉਪਰੋਕਤ ਵਿਸ਼ੇ ਸੰਬੰਧੀ ਆਪ ਜੀ ਦੀ ਜਾਣਕਾਰੀ ਹਿੱਤ ਲਿਖਿਆ ਜਾਂਦਾ ਹੈ ਕਿ 'ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ' ਦੀ '104 ਮੈਡੀਕਲ ਹੈਲਪਲਾਈਨ' ਸੁਵਿਧਾ ਪੰਜਾਬ ਦੇ ਨਾਗਰਿਕਾਂ ਨੂੰ ਸਿਹਤ, ਡਿਪਰੈਸ਼ਨ/ਤਨਾਅ ਅਤੇ ਹੋਰ ਚਿੰਤਾਵਾਂ ਸੰਬੰਧੀ ਮੁਫ਼ਤ ਟੈਲੀਫ਼ੋਨਿਕ ਸੁਵਿਧਾ ਉਪਲਬਧ ਕਰਵਾ ਰਹੀ ਹੈ।

2.0 ਇਸ ਸੁਵਿਧਾ ਦਾ ਸ਼ੁਭ ਅਰੰਭ 24.06.2014 ਨੂੰ ਮਾਨਯੋਗ ਮੁੱਖ ਮੰਤਰੀ ਜੀ, ਪੰਜਾਬ ਦੁਆਰਾ, ਮਾਨਯੋਗ ਸਿਹਤ ਮੰਤਰੀ ਜੀ ਦੀ ਮੌਜੂਦਗੀ ਵਿੱਚ ਕੀਤਾ ਗਿਆ ਸੀ। ਇਸ ਟੋਲ-ਫ਼ਰੀ ਸੁਵਿਧਾ ਦਾ ਲਾਭ ਪੰਜਾਬ ਦੇ ਕਾਫ਼ੀ ਨਾਗਰਿਕ ਲੈ ਚੁੱਕੇ ਹਨ। ਇਹ ਸੁਵਿਧਾ ਪੰਜਾਬ ਦੇ ਨਾਗਰਿਕਾਂ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਬਾਰੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ਼ ਦੀ ਸਲਾਹ ਮੁਫ਼ਤ ਉਪਲਬਧ ਕਰਵਾਉਣ ਦੇ ਨਾਲ਼-ਨਾਲ਼ ਡਿਪਰੈਸ਼ਨ/ਤਨਾਅ ਅਤੇ ਹੋਰ ਚਿੰਤਾਵਾਂ ਸੰਬੰਧੀ ਮਨੋਵਿਗਿਆਨੀਆਂ ਦੀ ਕਾਊਂਸਲਿੰਗ ਵੀ ਉਪਲਬਧ ਕਰਵਾ ਰਹੀ ਹੈ।

3.0 ਕਿਉਂਕਿ ਸਕੂਲ ਸਿੱਖਿਆ ਵਿਭਾਗ ਅਧੀਨ ਸਕੂਲਾਂ ਦੇ ਦਸਵੀਂ-ਬਾਰ੍ਹਵੀਂ ਜਮਾਤਾਂ ਦੇ ਬੱਚਿਆਂ ਦੀ ਸਲਾਨਾ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਜਾਣੀ ਹੈ, ਇਹ ਆਮ ਵੇਖਣ ਵਿੱਚ ਆਉਂਦਾ ਹੈ ਕਿ ਬੋਰਡ ਪ੍ਰੀਖਿਆਵਾਂ ਦੇ ਦਿਨਾਂ ਵਿੱਚ ਪ੍ਰੀਖਿਆਰਥੀ ਅਤੇ ਉਹਨਾਂ ਦੇ ਮਾਪੇ ਡਿਪਰੈਸ਼ਨ/ਤਨਾਅ ਵਿੱਚ ਚਲੇ ਜਾਂਦੇ ਹਨ ਅਤੇ ਕਈ ਵਾਰ ਕਈ ਮੰਦਭਾਗੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ।

4.0 ਜੇਕਰ ਬੱਚੇ ਇਸ ਸੁਵਿਧਾ ਤੋਂ ਜਾਣੂ ਹੋਣਗੇ, ਤਾਂ ਬੋਰਡ ਦੀ ਪ੍ਰੀਖਿਆ ਕਾਰਨ ਡਿਪਰੈਸ਼ਨ/ਤਨਾਅ ਦੀ ਸਥਿਤੀ ਵਿੱਚ ਇਸ ਸੁਵਿਧਾ ਰਾਹੀਂ ਉਪਲਬਧ ਮਾਹਿਰਾਂ ਦੀ ਕਾਉਂਸਲਿੰਗ ਉਹਨਾਂ ਨੂੰ ਤਨਾਅ ਤੋਂ ਬਾਹਰ ਕੱਢਣ ਵਿੱਚ ਸਹਾਈ ਹੋ ਸਕਦੀ ਹੈ।

5.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ PHSC ਦੀ ਇਸ ਟੋਲ-ਫਰੀ ਸੁਵਿਧਾ ਬਾਰੇ ਪ੍ਰੀਖਿਆ ਤੋਂ ਪਹਿਲਾਂ ਲਗਾਤਾਰ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਜਾਣੂ ਕਰਵਾਇਆ ਜਾਵੇ।

6.0 ਇਸ ਸੁਵਿਧਾ ਸੰਬੰਧੀ ਸੰਖੇਪ ਜਾਣਕਾਰੀ ਅਤੇ ਟੋਲ-ਫ਼ਰੀ ਨੰਬਰ ਸਕੂਲ ਭਵਨ ਵਿੱਚ ਨੋਟਿਸ ਬੋਰਡ ਤੇ ਪੱਕੇ ਤੌਰ ਤੇ ਦਰਸਾਇਆ ਜਾਵੇ।

7.0 ਇਸ ਸੁਵਿਧਾ ਸੰਬੰਧੀ ਦਸਵੀਂ-ਬਾਰ੍ਹਵੀਂ ਜਮਾਤਾਂ ਦੇ ਬੱਚਿਆਂ ਨੂੰ ਪ੍ਰਯੋਗੀ ਜਾਣਕਾਰੀ ਦੇਣ ਲਈ ਸਕੂਲ-ਮੁਖੀ ਦੀ ਮੌਜੂਦਗੀ ਵਿੱਚ, ਅਧਿਆਪਕਾਂ ਰਾਹੀਂ '104' ਨੰਬਰ ਡਾਇਲ ਕਰਕੇ ਮੌਕ-ਡਰਿੱਲ ਵੀ ਆਯੋਜਿਤ ਕਰਵਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਉਤਾਰਾ:-

1. ਨਿੱਜੀ ਸਕੱਤਰ,ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ,ਪੰਜਾਬ ਜੀ ਦੇ ਧਿਆਨ ਵਿੱਚ ਲਿਆਉਣ ਹਿੱਤ।
2. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਕੇ ਲਿਖਿਆ ਜਾਂਦਾ ਹੈ ਕਿ '104 ਮੈਡੀਕਲ ਹੈਲਪ ਲਾਈਨ' ਸ਼ਾਖਾ ਦੇ ਅਧਿਕਾਰੀਆਂ ਨੂੰ ਇਸ ਸੰਬੰਧੀ ਜਾਣੂ ਕਰਵਾ ਦਿੱਤਾ ਜਾਵੇ ਜੀ।

-ਸਹੀ -

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**